File No. SED-EDU404/78/2020-4EDU4-Part(1) I/930124/2024

2024121006
ਸੀ-1

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ),
ਪੰਜਾਬ।

ਮਿਤੀ, ਚੰਡੀਗੜ੍ਹ : 18-09-2024

Subject:- Policy Guidelines for National Award, State Teacher Award, Young Teacher Award and Administrator Award.

****

ਵਿਸ਼ਾ ਅੰਕਿਤ ਮਾਮਲੇ ਸਬੰਧੀ ਸਿੱਖਿਆ ਵਿਭਾਗ ਵਲੋ ਜਾਰੀ ਪੱਤਰ ਨੰਬਰ PA/DPI(SE)2020/Special ਮਿਤੀ 25.04.2020, ਪੱਤਰ ਨੰਬਰ 15/1-20 SE(2)/2020201755 ਮਿਤੀ 26-08-2020 ਅਤੇ ਪੱਤਰ ਨੰਬਰ ਮਿਤੀ 31/3/2023 ਦੇ ਹਵਾਲੇ ਵਿਚ।

2. ਸਿੱਖਿਆ ਵਿਭਾਗ ਵਿੱਚ ਸਟੇਟਨੈਸ਼ਨਲ/ ਐਵਾਰਡ ਸਬੰਧੀ ਪੱਤਰ ਨੰ .19/29/79 2ਸਿ4 /2979 ਮਿਤੀ 28 ਫਰਵਰੀ 1981 ਅਤੇ ਪੱਤਰ ਨੰਬਰ 19/29/79 2ਸਿ4 (ਨਿਊ ਸੈੱਲ (2288-89, ਮਿਤੀ 09 ਅਕਤੂਬਰ 1989 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਜਿਸ ਅਨੁਸਾਰ ਸਟੇਟ ਐਵਾਰਡ ਪ੍ਰਾਪਤ ਅਧਿਆਪਕਾਂ ਨੂੰ ਉਨ੍ਹਾਂ ਦੀ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ 01 ਸਾਲ ਦੀ ਮੁੜ ਨਿਯੁਕਤੀ ਕੀਤੀ ਜਾਂਦੀ ਸੀ ਅਤੇ ਨੈਸ਼ਨਲ ਐਵਾਰਡ ਪ੍ਰਾਪਤ ਅਧਿਆਪਕਾਂ ਨੂੰ ਉਨ੍ਹਾਂ ਦੇ ਸੇਵਾ ਕਾਲ ਵਿੱਚ 02 ਸਾਲ ਦਾ ਵਾਧਾ ਸਾਲ ਦਰ ਸਾਲ ਇਸ ਆਧਾਰ ਤੇ ਦਿੱਤਾ ਜਾਂਦਾ ਸੀ ਕਿ ਉਹ ਫਿਜ਼ੀਕਲੀ ਅਤੇ ਮੈਂਟਲੀ ਪੂਰੀ ਤਰ੍ਹਾਂ ਫਿੱਟ ਹੋਣ। ਇਹ ਹਦਾਇਤਾਂ ਵਿੱਤ ਵਿਭਾਗ ਵਲੋਂ ਪੱਤਰ ਨੰਬਰ 5/248/84-2ਐਫ.ਡੀ2 ਮਿਤੀ 25/2/1985 ਅਤੇ ਪੱਤਰ ਨੰਬਰ 5/10/87-3ਐਫ.ਈ.2/4803 ਮਿਤੀ 31/7/1987 ਰਾਂਹੀ ਮਿਲੀ ਸਹਿਮਤੀ ਨਾਲ ਜਾਰੀ ਕੀਤੀਆਂ ਗਈਆਂ ਸਨ। ਇਹ ਹਦਾਇਤਾਂ 10/7/2018 ਨੂੰ ਨਵੀਆਂ ਹਦਾਇਤਾਂ ਜਾਰੀ ਹੋਣ ਤੱਕ ਲਾਗੂ ਸਨ।

3. ਸਿੱਖਿਆ ਵਿਭਾਗ ਵਲੋਂ ਪੱਤਰ ਨੰਬਰ PA/DPI(SE)2020/Special ਮਿਤੀ 25.04.2020 ਰਾਂਹੀ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਨੈਸ਼ਨਲ ਐਵਾਰਡ ਪ੍ਰਾਪਤ ਅਧਿਕਾਰੀਆਂ/ਕਰਮਚਾਰੀਆਂ ਨੂੰ ਸੇਵਾ ਕਾਲ ਵਿਚ ਮਿਲਣ ਵਾਲਾ ਵਾਧਾ ਮਿਤੀ 31/03/2022 ਤੱਕ ਮਿਲਣ ਯੋਗ ਸੀ ਅਤੇ ਪੱਤਰ ਨੰਬਰ 15/1-20 SE(2)/2020201755 ਮਿਤੀ 26-08-2020 ਰਾਂਹੀ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸਟੇਟ ਐਵਾਰਡ ਪ੍ਰਾਪਤ ਅਧਿਆਪਕਾਂ ਨੂੰ ਇਹ ਵਾਧਾ ਮਿਲਣਯੋਗ ਨਹੀਂ ਸੀ, ਭਾਵ ਬੰਦ ਕਰ ਦਿੱਤਾ ਗਿਆ ਸੀ।

Scanned with OKEN Scanner

4. ਪਿਛਲੇ ਸਮੇ ਤੋਂ ਵਾਰ ਵਾਰ ਸਟੇਟ/ਨੈਸ਼ਨਲ ਐਵਾਰਡ ਪ੍ਰਾਪਤ ਟੀਚਰਜ਼ ਐਸੋਸੀਏਸ਼ਨ ਵਲੋ ਅਜਿਹੇ ਅਧਿਆ ਦਾ ਮਾਨ ਸਨਮਾਨ ਬਹਾਲ ਕਰਦਿਆ ਸਾਲ 2018 ਤੋ ਬੰਦ ਕੀਤੇ ਸੇਵਾ ਕਾਲ ਵਿੱਚ ਵਾਧੇ ਨੂੰ ਬਹਾਲ ਕਰਨ ਸਬੰਧੀ ਕੀਤੀ ਗਈ ਮੰਗ ਦੇ ਸਨਮੁੱਖ ਸਰਕਾਰ ਵਲੋਂ ਮੁੜ ਵਿਚਾਰ ਕਰਨ ਉਪਰੰਤ ਸਟੇਟ ਐਵਾਰਡ/ਨੈਸ਼ਨਲ ਐਵਾਰਡ ਸਬੰਧੀ ਪੱਤਰ ਨੰ. 19/29/79 2ਸਿ4 (ਨਿਊ ਸੈੱਲ ( 19/29/79 2ਸਿ4 /2979 ਮਿਤੀ 28 ਫਰਵਰੀ 1981 ਅਤੇ ਪੱਤਰ ਨੰਬਰ 19/29/79 2ਸਿ4 (ਨਿਊ ਸੈੱਲ ( 2288-89, ਮਿਤੀ 09 ਅਕਤੂਬਰ 1989 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ, ਜੋ ਕਿ ਵਿੱਤ ਵਿਭਾਗ ਦੀ ਸਹਿਮਤੀ ਨਾਲ ਜਾਰੀ ਕੀਤੀਆਂ ਗਈਆਂ ਸਨ, ਨੂੰ ਮੁੜ ਸਿੱਖਿਆ ਵਿਭਾਗ ਵਿਚ ਪੱਤਰ ਨੰਬਰ ਮਿਤੀ 31/3/2023 ਰਾਂਹੀ ਲਾਗੂ ਕਰਨ ਦਾ ਫੈਸਲਾ ਲਿਆ ਗਿਆ ਸੀ। ਜਿਸ ਅਨੁਸਾਰ ਸਾਰੇ ਸਟੇਟ ਐਵਾਰਡ/ਨੈਸ਼ਨਲ ਐਵਾਰਡ ਪ੍ਰਾਪਤ ਅਧਿਆਪਕਾਂ ਨੂੰ ਸੇਵਾ ਕਾਲ ਵਿਚ ਬਣਦਾ 01 ਸਾਲ/02 ਸਾਲ ਦਾ ਵਾਧਾ ਉਨ੍ਹਾਂ ਦੇ ਸਰਵਿਸ ਰਿਕਾਰਡ ਨੂੰ ਘੋਖਣ ਉਪਰੰਤ ਠੀਕ ਪਾਏ ਜਾਣ ਤੇ ਮਿਲਣਯੋਗ ਹੈ।

5. ਹੁਣ ਸਰਕਾਰ ਵਲੋਂ ਇਨ੍ਹਾਂ ਹਦਾਇਤਾਂ ਨੂੰ ਮੁੜ ਤੋਂ ਵਿਚਾਰਨ ਉਪਰੰਤ ਫੈਸਲਾ ਲਿਆ ਗਿਆ ਹੈ ਕਿ ਸਟੇਟ ਐਵਾਰਡ ਪ੍ਰਾਪਤ ਅਧਿਆਪਕਾਂ ਨੂੰ ਉਨ੍ਹਾਂ ਦੀ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ 01 ਸਾਲ ਦੀ ਮੁੜ ਨਿਯੁਕਤੀ ਕੀਤੀ ਜਾਵੇਗੀ ਅਤੇ ਨੈਸ਼ਨਲ ਐਵਾਰਡ ਪ੍ਰਾਪਤ ਅਧਿਆਪਕਾਂ ਨੂੰ ਉਨ੍ਹਾਂ ਦੇ ਸੇਵਾ ਕਾਲ ਵਿਚ ਸਾਲ ਦਰ ਸਾਲ ਸੇਵਾ ਕਾਲ ਵਿਚ 02 ਸਾਲ ਦਾ ਵਾਧਾ ਦਿੱਤਾ ਜਾਵੇਗਾ। ਪਰੰਤੂ ਹੁਣ ਇਸ ਮੁੜ ਨਿਯੁਕਤੀ/ਸੇਵਾ ਕਾਲ ਦੇ 02 ਸਾਲ ਦੇ ਵਾਧੇ ਦੌਰਾਨ ਸਲਾਨਾ ਤਰੱਕੀ ਅਤੇ ਪਦਉਨਤੀ ਦਾ ਲਾਭ ਮਿਲਣਯੋਗ ਨਹੀਂ ਹੋਵੇਗਾ, ਭਾਵ ਉਹ 58 ਸਾਲ ਦੀ ਉਮਰ ਪੂਰੀ ਹੋਣ ਤੇ ਲਾਸਟ ਪੇਅ ਡਰਾਅਨ ਤੇ ਹੀ ਕੰਮ ਕਰਨਗੇ। ਉਹ ਮੁੜ ਨਿਯੁਕਤੀ/ਵਾਧੇ ਸਬੰਧੀ ਕੇਸ ਅਪਲਾਈ ਕਰਦੇ ਸਮੇਂ ਇਸ ਸਬੰਧ ਵਿਚ ਸਵੈ ਘੋਸ਼ਣਾ ਪੱਤਰ ਅਤੇ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਆਪਣੀ ਸਹਿਮਤੀ ਦੇਣਗੇ ਕਿ ਉਨ੍ਹਾਂ ਨੂੰ ਇਸ ਪੱਤਰ ਵਿਚ ਦਰਜ਼ ਸਾਰੀਆਂ ਸ਼ਰਤਾਂ ਮੰਨਜ਼ੂਰ ਹਨ ਅਤੇ ਲਾਸਟ ਪੇਅ ਡਰਾਅਨ ਤੇ ਕੰਮ ਕਰਨ ਸਬੰਧੀ ਸਹਿਮਤ ਹਨ। ਬਾਕੀ ਸਾਰੀਆਂ ਸ਼ਰਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ। ਇਸ ਤੋਂ ਪਹਿਲਾਂ ਜੇਕਰ ਕਿਸੇ ਹਦਾਇਤਾਂ ਕਾਰਨ ਨੈਸ਼ਨਲ ਐਵਾਰਡ ਪ੍ਰਾਪਤ ਅਧਿਕਾਰੀਆਂ/ਕਰਮਚਾਰੀਆਂ ਨੂੰ ਸਾਲਾਨਾ ਤਰੱਕੀ ਦਾ ਲਾਭ ਮਿਲ ਰਿਹਾ ਸੀ ਤਾਂ ਅਜਿਹੀਆਂ ਸਾਰੀਆਂ ਹਦਾਇਤਾਂ ਨੂੰ ਤੁਰੰਤ ਪ੍ਰਭਾਵ ਤੋਂ ਰੱਦ ਕੀਤਾ ਜਾਂਦਾ ਹੈ।

5. ਇਹ ਹਦਾਇਤਾਂ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾਂਦੀਆਂ ਹਨ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ:/ SED-EDU404/78/2020-4EDU4-Part(1).I/930124/2024 ਮਿਤੀ,ਚੰਡੀਗੜ੍ਹ: 18-09-2024

ਇਸਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ , ਪੰਜਾਬ, ਐਸ.ਏ.ਐਸ.ਨਗਰ।
2. ਡਾਇਰੈਕਟਰ ਸਕੂਲ ਐਜੂਕੇਸ਼ਨ(ਸੈਕੰਡਰੀ/ਐਲੀਮੈਂਟਰੀ),ਪੰਜਾਬ, ਐਸ.ਏ.ਐਸ.ਨਗਰ।
3. ਸੁਪਰਡੰਟ, ਸਿੱਖਿਆ-2,3,5,6 ਅਤੇ 7 ਸ਼ਾਖਾ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ
ਪਿੱਠ ਅੰਕਣ ਨੰ:ਬੀ-1/1/2024/10169 ਮਿਤੀ: 20/9/24
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ / ਬਲਾਕ ਸਿੱਖਿਆ ਅਫਸਰਾਂ ਨੂੰ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ,

20/9/24
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ।

<u>ਆਪਸ਼ਨ</u>

ਮੈਂ ---------------------------- ਮਿਤੀ---------------ਤੋਂ ਸੇਵਾ ਨਿਭਾ ਰਿਹਾ/ਰਹੀ ਹਾਂ। ਮੇਰੀ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਸੇਵਾ ਨਿਵਿਰਤੀ ਮਿਤੀ ---------------ਨੂੰ ਹੋ ਰਹੀ ਹੈ। ਮੈਂ ਸਕੂਲ ਸਿੱਖਿਆ ਵਿਭਾਗ ਦੇ ਪੱਤਰ ਨੰਬਰ ------------------------ਮਿਤੀ--------- ਅਨੁਸ਼ਾਰ ਸਟੇਟ ਐਵਾਰਡ/ਨੈਸ਼ਨਲ ਐਵਾਰਡ ਦੇ ਆਧਾਰ ਤੇ ਮਿਤੀ-------------ਤੋਂ-----------ਤੱਕ (01 ਸਾਲ) ਦੇ ਵਾਧੇ ਸਬੰਧੀ ਆਪਣੀ ਆਪਸ਼ਨ ਦਿੰਦਾ/ਦਿੰਦੀ ਹਾਂ।

2. ਮੈਂ ਬਿਆਨ ਕਰਦਾ/ਕਰਦੀ ਹਾਂ ਕਿ ਮੈਨੂੰ ਸਟੇਟ ਐਵਾਰਡ/ਨੈਸ਼ਨਲ ਐਵਾਰਡ ਸਬੰਧੀ ਪੰਜਾਬ ਸਰਕਾਰ ਦੇ ਪੱਤਰ ਨੰਬਰ--------------------ਮਿਤੀ ---------------ਵਿਚ ਦਰਸਾਈਆਂ ਸ਼ਰਤਾਂ ਮੰਨਜ਼ੂਰ ਹਨ ਅਤੇ ਮੈਂ ਇਨ੍ਹਾਂ ਸ਼ਰਤਾਂ ਅਨੁਸਾਰ ਸੇਵਾ ਕਾਲ ਵਿਚ ਵਾਧਾ ਲੈਣ ਲਈ ਆਪਣੀ ਆਪਸ਼ਨ ਦਿੰਦਾ/ਦਿੰਦੀ ਹਾਂ।

ਮਿਤੀ:

ਬਿਨੈਕਾਰ ਦੇ ਹਸਤਾਖਰ

Scanned with OKEN Scanner